ਮਿੱਠੇ ਬੱਚੇ:- "ਮਿੱਠੇ ਬੱਚੇ :- ਸਤਿਗੁਰੂ ਦਾ ਸਹਿਜ ਵਸ਼ੀਕਰਨ ਮੰਤਰ ਤੁਹਾਨੂੰ ਮਿਲਿਆ ਹੋਇਆ ਹੈ ਕਿ ਚੁੱਪ ਰਹਿ ਕੇ ਮਾਮੇਕਮ ਯਾਦ ਕਰੋ, ਇਹ ਹੀ ਮਾਇਆ ਨੂੰ ਅਧੀਨ ਕਰਨ ਦਾ ਮਹਾਮੰਤਰ ਹੈ।"

ਪ੍ਰਸ਼ਨ:- ਪ੍ਰਸ਼ਨ:- ਸ਼ਿਵਬਾਬਾ ਹੀ ਸਭ ਤੋਂ ਭੋਲਾ ਗ੍ਰਾਹਕ ਹੈ- ਕਿਵੇਂ?

ਉੱਤਰ:- ਬਾਬਾ ਕਹਿੰਦੇ - ਬੱਚੇ, ਤੁਹਾਡੇ ਕੋਲ ਦੇਹ ਸਮੇਤ ਜੋ ਵੀ ਪੁਰਾਣਾ ਕਚਰਾ ਹੈ, ਉਹ ਮੈਂ ਲੈਂਦਾ ਹੈ। ਉਹ ਵੀ ਉਦੋਂ ਜਦੋਂ ਤੁਸੀਂ ਮਰਨ ਵਾਲੇ ਹੋ। ਤੁਹਾਡੇ ਸਫ਼ੇਦ ਕਪੜੇ ਵੀ ਮਰਨ ਦੀ ਹੀ ਨਿਸ਼ਾਨੀ ਹਨ। ਤੁਸੀਂ ਹੁਣ ਬਾਪ ਤੇ ਬਲੀ ਚੜਦੇ ਹੋ। ਬਾਪ ਫਿਰ 21 ਜਨਮ ਲਈ ਤੁਹਾਨੂੰ ਮਾਲਾਮਾਲ ਕਰ ਦਿੰਦੇ ਹਨ। ਭਗਤੀ ਮਾਰਗ ਵਿਚ ਵੀ ਬਾਪ ਸਭ ਦੀਆਂ ਮਨੋਕਾਮਨਾਵਾਂ ਪੂਰਨ ਕਰਦੇ ਹਨ, ਗਿਆਨ ਮਾਰਗ ਵਿਚ ਵੀ ਸ੍ਰਿਸ਼ਟੀ ਦੇ ਆਦਿ, ਮੱਧ ਅਤੇ ਅੰਤ ਦਾ ਗਿਆਨ ਦੇ ਕੇ ਤ੍ਰਿਕਾਲ ਦਰਸ਼ੀ ਬਣਾਉਂਦੇ ਹਨ।

ਗੀਤ:- ਭੋਲੇਨਾਥ ਤੋਂ ਨਿਰਾਲਾ...

ਓਮ ਸ਼ਾਂਤੀ। ਬੱਚੇ ਭੋਲੇਨਾਥ ਦੇ ਸਾਮਣੇ ਬੈਠੇ ਹੋਏ ਹਨ। ਵਪਾਰੀ ਲੋਕ ਕਹਿੰਦੇ ਹਨ- ਅਜਿਹਾ ਕੋਈ ਮਤ ਦਾ ਮੂਰਾ(ਘਟ ਬੁੱਧੀ ਵਾਲਾ ਭੋਲਾ) ਹੋਵੇ ਜੋ ਹਜਾਰ, ਦੋ ਹਜਾਰ ਦਾ ਮਾਲ ਲੈ ਕਰਕੇ, ਸਾਨੂੰ ਖੂਬ ਸਾਰਾ ਧਨ ਦੇਕੇ ਜਾਵੇ। ਹੇ ਭਗਵਾਨ, ਸਾਨੂੰ ਕੋਈ ਅਜਿਹਾ ਗ੍ਰਾਹਕ ਮਿਲਾਓ। ਹੁਣ ਭੋਲੇਨਾਥ ਬਾਪ ਆਕੇ ਬੱਚਿਆਂ ਨੂੰ ਆਦਿ, ਮੱਧ ਅਤੇ ਅੰਤ ਦਾ ਰਾਜ਼ ਸਮਝਾ ਕੇ ਤ੍ਰਿਕਾਲਦਰਸ਼ੀ ਬਣਾ ਰਹੇ ਹਨ। ਮੇਰੇ ਵਰਗਾ ਗ੍ਰਾਹਕ ਤੁਹਾਨੂੰ ਕਦੇ ਮਿਲ ਨਹੀਂ ਸਕਦਾ ਹੈ। ਤੁਸੀਂ ਉਨ੍ਹਾਂ ਨੂੰ ਅਰਪਣ ਕਰਦੇ ਹੋ। ਭਗਤੀ ਮਾਰਗ ਵਿੱਚ ਬਹੁਤ ਮਹਿਮਾ ਕਰਦੇ ਹੋ। ਭੋਲੇਨਾਥ ਦੀ ਮਹਿਮਾ ਹੁੰਦੀ ਹੈ–ਤੁਮ ਮਾਤ ਪਿਤਾ…। ਉਹ ਆਕੇ ਰਾਜਯੋਗ ਸਿਖ਼ਾਉਂਦੇ ਹਨ। ਰਾਜਾਈ(ਰਾਜਗੱਧੀ) ਦਿੰਦੇ ਹਨ। ਬਾਪ ਨੂੰ ਕਹਿੰਦੇ ਹਨ, ਇਹ ਜੋ ਪੁਰਾਣਾ ਕਚਰਾ ਹੈ, ਉਹ ਅਸੀਂ ਤੁਹਾਡੇ ਉਪਰ ਬਲੀ ਚੜਾਉਂਦੇ ਹਾਂ। ਤੁਸੀਂ ਸਾਨੂੰ 21 ਜਨਮ ਲਈ ਮਾਲਾ-ਮਾਲ ਕਰਦੇ ਹੋ। ਸਰਾਫ ਹੁੰਦੇ ਹਨ ਨਾ, ਸੱਟਾ, ਮੱਟਾ ਕਰਦੇ ਹਨ, ਕਮੀਸ਼ਨ ਲੈਂਦੇ ਹਨ। ਇਹ ਵੀ ਕਹਿੰਦੇ ਹਨ, ਕਚਰਾ ਜੋ ਵੀ ਹੈ, ਦੇਹ ਸਹਿਤ ਤੁਹਾਡਾ ਮੈਂ ਲੈਂਦਾ ਹਾਂ ਜਦੋ ਤੁਸੀਂ ਮਰਨ ਤੇ ਹੋ। ਇਥੇ ਤੁਹਾਡੇ ਬ੍ਰਹਮਾਕੁਮਾਰੀਆਂ ਦੇ ਕਪੜੇ ਵੀ ਸਫ਼ੇਦ ਹਨ। ਜਿਵੇ ਕਿ ਤੁਸੀਂ ਮਰੇ ਪਏ ਹੋ। ਮਰਨ ਵਾਲਿਆਂ ਤੇ ਸਦਾ ਸਫੇਦ ਚੱਦਰ ਪਾਉਂਦੇ ਹਨ। ਕੋਈ ਵੀ ਦਾਗ ਨਾ ਹੋਵੇ। ਇਸ ਵਕਤ ਸਭ ਨੂੰ ਮਾਇਆ ਦਾ ਕਾਲਾ ਦਾਗ ਲਗ ਗਿਆ ਹੈ। ਇਸਨੂੰ ਹੀ ਰਾਹੂ ਦਾ ਗ੍ਰਹਿਣ ਕਿਹਾ ਜਾਂਦਾ ਹੈ। ਚੰਦਾ ਤੇ ਹੀ ਗ੍ਰਹਿਣ ਲੱਗਣ ਨਾਲ ਕਾਲਾ ਹੋ ਜਾਂਦਾ ਹੈ ਨਾ। ਤਾਂ ਇਹ ਮਾਇਆ ਦਾ ਗ੍ਰਹਿਣ ਵੀ ਸਾਰੇ ਵਿਸ਼ਵ ਨੂੰ ਕਾਲਾ ਕਰ ਦਿੰਦਾ ਹੈ। ਇਸ ਵਿਚ ਤੱਤਵ ਆਦਿ ਸਭ ਆ ਜਾਂਦੇ ਹਨ।

ਬਾਪ ਬੈਠ ਸਮਝਾਉਂਦੇ ਹਨ ਇਹ ਤੁਹਾਡਾ ਰਾਜਯੋਗ ਹੈ। ਰਾਜਯੋਗ ਨਾਲ ਸਵਰਗ ਵਿਚ ਰਜਾਈ ਪ੍ਰਾਪਤ ਕਰਨੀ ਹੈ। ਤੁਸੀਂ ਰਾਜਾਵਾਂ ਦਾ ਰਾਜਾ ਬਣਦੇ ਹੋ। ਨਰਾਇਣੀ ਨਸ਼ਾ ਰਹਿੰਦਾ ਹੈ। ਨਰ ਤੋਂ ਨਰਾਇਣ ਬਣਦੇ ਹਾਂ। ਲਕਸ਼ਮੀ-ਨਰਾਇਣ ਦਾ ਰਾਜ ਹੁੰਦਾ ਹੈ ਸਤਿਯੁਗ ਵਿਚ। ਤਾਂ ਮੈਨੂੰ ਜਰੂਰ ਅੰਤ ਵਿਚ ਆਉਣਾ ਪੈਂਦਾ ਹੈ। ਇਹ ਸਮਾਂ ਹੈ, ਭਗਤੀ ਮਾਰਗ ਦਾ, ਭਗਤੀ ਮਾਰਗ ਵਿਚ ਦਰ-2 ਮੱਥਾ ਟੇਕਦੇ, ਧੱਕੇ ਖਾਂਦੇ ਰਹਿੰਦੇ ਹਨ। ਭਗਤਾਂ ਦਾ ਰਖਵਾਲਾ ਹੈ ਭਗਵਾਨ, ਭਗਤੀ ਦਾ ਫੱਲ ਆਕੇ ਦਿੰਦੇ ਹਨ। ਸਾਰੇ ਭਗਤ ਤਾਂ ਹਨ, ਪਰ ਸਭ ਨੂੰ ਇਕੋ ਜਿਹਾ ਫੱਲ ਨਹੀਂ ਮਿਲਦਾ ਹੈ। ਕੋਈ ਨੂੰ ਸਾਕਸ਼ਾਤਕਾਰ ਹੁੰਦਾ ਹੈ ਕਿਸੇ ਨੂੰ ਪੁੱਤਰ ਮਿਲਦਾ ਹੈ, ਅਲਪ ਕਾਲ ਦੇ ਲਈ। ਕਿਸਮ-ਕਿਸਮ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦਾ ਹਾਂ। ਦੁਨੀਆ ਵਿਚ ਇਹ ਕਿਸੇ ਨੂੰ ਵੀ ਪਤਾ ਨਹੀਂ ਕਿ ਭਗਵਾਨ ਆਇਆ ਹੋਇਆ ਹੈ, ਰਾਜਯੋਗ ਸਿਖਾਉਣ। ਸਮਝਦੇ ਹਨ ਉਹ ਦਵਾਪਰ ਵਿਚ ਆਇਆ ਤਾਂ ਰਾਜਯੋਗ ਸਿਖਾਇਆ ਹੋਵੇਗਾ। ਫਿਰ ਓਥੇ ਨਰ ਤੋਂ ਨਰਾਇਣ ਕਿਵੇਂ ਬਣਨਗੇ? ਇਸ ਵਕਤ ਹੀ ਬਾਪ ਤੁਹਾਨੂੰ ਰਾਜਯੋਗ ਸਿਖਲਾ ਕੇ ਰਾਜਿਆਂ ਦਾ ਵੀ ਰਾਜਾ ਬਣਾਉਂਦੇ ਹਨ। ਇਥੇ ਤਾ ਤੁਸੀਂ ਸਿਰਫ ਚੁੱਪ ਰਹਿਣਾ ਹੈ। ਮਨਮਨਾਭਵ ਇਹ ਹੀ ਸਤਿਗੁਰੂ ਦਾ ਵਸ਼ੀਕਰਨ ਮੰਤਰ ਹੈ। ਇਸ ਮੰਤਰ ਵਿਚ ਬੜੀ ਆਮਦਨੀ ਹੈ। ਇਹ ਮਾਇਆ ਨੂੰ ਆਪਣੇ ਅਧੀਨ ਕਰਨ ਦਾ ਮੰਤਰ ਹੈ। ਮਾਇਆ ਜਿੱਤ, ਜਗਤ ਜਿੱਤ। ਭਗਤੀ ਮਾਰਗ ਵਾਲਿਆਂ ਦਾ ਹੈ ਮਨਜਿੱਤ, ਜਗਤ ਜਿੱਤ, ਇਸ ਦੇ ਲਈ ਉਹ ਹਠਯੋਗ ਆਦਿ ਕਰਦੇ ਹਨ। ਉਹ ਵੀ ਜਗਤ ਜਿੱਤ ਬਣਨ ਦੇ ਲਈ ਨਹੀਂ ਕਰਦੇ ਹਨ। ਉਹ ਤਾਂ ਮੁਕਤੀ ਦੇ ਲਈ ਕਰਦੇ ਹਨ। ਬਾਪ ਆਕੇ ਕਹਿੰਦੇ ਹਨ ਬੱਚੇ ਦੇਹ ਸਹਿਤ ਸਰਵ ਧਰਮਾਨੀ... ਮੈਂ ਫਲਾਣੇ ਧਰਮ ਦਾ ਹਾਂ। ਇਹ ਸਾਰੀਆਂ ਗੱਲਾਂ ਛੱਡ ਕੇ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ। ਬਸ ਮੈਂ ਜਿਹੜੀ ਮਤ ਦੇ ਰਿਹਾ ਹਾਂ, ਉਸ ਮਤ ਤੇ ਚੱਲੋ। ਬਾਕੀ ਹੁਣ ਤੱਕ ਜਿਹੜੀਆਂ ਅਨੇਕ ਮੱਤਾਂ ਤੇ ਚਲਦੇ ਆਏ, ਉਹ ਸਭ ਦੀਆ ਮੱਤਾਂ ਨੂੰ ਛੱਡਣਾਂ ਪਵੇ। ਤਾ ਤੁਹਾਡਾ ਗਿਆਨ ਬਿਲਕੁਲ ਨਵਾਂ ਹੋ ਗਿਆ। ਸਮਝਦੇ ਹਨ ਇਨ੍ਹਾਂ ਦੀਆ ਗੱਲਾਂ ਤਾ ਨਵੀਆਂ ਹਨ।

ਤੁਸੀਂ ਬੱਚੇ ਜਦੋ ਕਿਸੇ ਨੂੰ ਸਮਝਾਉਂਦੇ ਹੋ ਤਾਂ ਪਹਿਲਾ ਉਨ੍ਹਾਂ ਦੀ ਨਬਜ ਵੇਖੋ। ਸਭ ਦੇ ਸਾਮਣੇ ਇਕੋ ਜਿਹੀ ਗੱਲ ਨਹੀਂ ਕਰਨੀ ਹੈ। ਮਨੁੱਖਾ ਦੀਆ ਤਾਂ ਅਨੇਕ ਮੱਤਾਂ ਹਨ। ਤੁਹਾਡੀ ਹੈ ਇਕ ਮੱਤ। ਪਰ ਨੰਬਰਵਾਰ ਹਨ। ਜੋ ਚੰਗੇ ਯੋਗ ਵਿਚ ਰਹਿੰਦੇ ਹਨ। ਧਾਰਨਾ ਕਰਦੇ ਹਨ, ਉਹ ਜਰੂਰ ਚੰਗਾ ਸਮਝਾਉਣਗੇ। ਘਟ ਧਾਰਨਾ ਵਾਲੇ ਘੱਟ ਸਮਝਾਉਣਗੇ। ਕੋਈ ਵੀ ਹੋਵੇ ਉਨ੍ਹਾਂ ਨੂੰ ਇੱਕ ਹੀ ਸਧਾਰਨ ਗੱਲ ਦੱਸੋ। ਚਾਹੇ

ਗ੍ਰਹਿਸਤ ਵਿਚ ਰਹਿੰਦੇ ਰਹੋ ਪਰ ਕਮਲ ਫੁੱਲ ਸਮਾਨ। ਤੁਹਾਨੂੰ ਪਤਾ ਹੈ ਕਮਲ ਫੁੱਲ ਦੇ ਬੱਚੇ ਬਹੁਤ ਹੁੰਦੇ ਹਨ। ਅਤੇ ਮਿਸਾਲ ਵੀ ਉਨ੍ਹਾਂ ਦਾ ਹੀ ਦਿੱਤਾ ਜਾਂਦਾ ਹੈ। ਬਾਪ ਦੇ ਵੀ ਬਾਲ ਬੱਚੇ ਤਾ ਬਹੁਤ ਹਨ। ਕਮਲ ਦਾ ਫੁੱਲ ਖੁਦ ਪਾਣੀ ਵਿਚ ਰਹਿ ਕੇ ਉਪਰ ਰਹਿੰਦਾ ਹੈ। ਬਾਕੀ ਬਾਲ ਬੱਚੇ ਹੇਠਾਂ ਰਹਿੰਦੇ ਹਨ। ਇਹ ਮਿਸਾਲ ਚੰਗਾ ਹੈ, ਬਾਬਾ ਕਹਿੰਦੇ ਗ੍ਰਹਿਸਤ ਵਿਵਹਾਰ ਵਿਚ ਰਹੋ, ਪਰ ਪਵਿੱਤਰ ਰਹੋ। ਇਹ ਗੱਲ ਹੋ ਗਈ ਪਵਿੱਤਰਤਾ ਤੇ। ਉਹ ਵੀ ਇਸ ਅੱਖਰੀਲੇ ਜਨਮ ਦੇ ਲਈ ਪਵਿੱਤਰ ਰਹਿ ਮਾਮੇਕਮ ਯਾਦ ਕਰੋ। ਰਚਨਾ ਦੀ ਪਾਲਣਾ ਵੀ ਜਰੂਰ ਕਰਨੀ ਹੈ। ਨਹੀਂ ਤਾ ਹਠਯੋਗ ਹੋ ਜਾਵੇਗਾ। ਦੁਨੀਆ ਵਿਚ ਪਵਿੱਤਰ ਤਾਂ ਬਹੁਤ ਰਹਿੰਦੇ ਹਨ। ਬਾਲ ਬ੍ਰਹਮਚਾਰੀ ਤਾਂ ਭੀਸ਼ਮਪਿਤਾ ਤਰ੍ਹਾਂ ਹੋ ਗਿਆ। ਅੱਛਾ ਬਾਲ ਬ੍ਰਹਮਚਾਰੀ ਉਹ ਜੋ ਔਰਤ-ਮਰਦ ਦੋਵੇ ਇਕੱਠੇ ਰਹਿ ਪਵਿੱਤਰ ਰਹਿਣ। ਗੰਧ੍ਰਵ ਵਿਆਹ ਦੀ ਚਰਚਾ ਦਾ ਸ਼ਾਸਤਰਾਂ ਵਿਚ ਵੀ ਹੈ। ਪਰ ਕੋਈ ਜਾਣਦੇ ਨਹੀਂ ਹਨ। ਇਹ ਤਾਂ ਬਾਪ ਹੀ ਸਮਝਾਉਂਦੇ ਹਨ। ਬਾਬਾ ਕਹਿੰਦੇ ਬੱਚੇ ਹੁਣ ਕਾਮ ਚਿਤਾ ਦੇ ਬਦਲੇ ਦੋਨੋ ਗਿਆਨ ਚਿਤਾ ਦਾ ਹਥਿਆਲਾ ਬੰਨੋ। ਤੁਸੀਂ ਬ੍ਰਾਹਮਣ ਕਿੰਨਾ ਵਧੀਆ ਕੰਮ ਕਰਦੇ ਹੋ। ਪ੍ਰਤਿਗਿਆ ਕਰਨੀ ਹੈ, ਪਵਿੱਤਰ ਰਹਿਣ ਦੀ। ਇਕ ਦੋ ਨੂੰ ਸਾਵਧਾਨ ਕਰਕੇ ਤੁਸੀਂ ਸਵਰਗ ਵਿਚ ਚਲੇ ਜਾਓਗੇ। ਇਥੇ ਤੁਸੀਂ ਇੱਕਠੇ ਪਵਿੱਤਰ ਰਹਿ ਕੇ ਵਿਖਾਉਂਦੇ ਹੋ। ਇਸਲਈ ਤੁਸੀਂ ਬਹੁਤ ਉਚ ਪਦਵੀ ਪਾ ਸਕਦੇ ਹੋ। ਮਿਸਾਲ ਦਿੱਤਾ ਜਾਵੇਗਾ ਨਾ। ਗਿਆਨ ਚਿਤਾ ਤੇ ਬੈਠ ਸਵਰਗ ਵਿਚ ਜਾ ਕੇ ਉੱਚੀ ਪਦਵੀ ਪਾਉਂਦੇ ਹੋ। ਇਸ ਵਿਚ ਹਿੰਮਤ ਹੈ ਬਹੁਤ, ਜੇਕਰ ਪੱਕੇ ਹੋਕੇ ਚਲਦੇ ਰਹੋ ਤਾ ਪਦਵੀ ਬੜੀ ਉੱਚ ਹੈ। ਫਿਰ ਸਰਵਿਸ ਤੇ ਹੀ ਮਦਾਰ ਹੈ। ਜੋ ਉੱਚ ਸਰਵਿਸ ਕਰਦੇ ਹਨ, ਪਰਜਾ ਬਣਾਉਂਦੇ ਹਨ, ਉਹ ਪਦਵੀ ਵੀ ਚੰਗੀ ਪਾਉਂਦੇ ਹਨ। ਬਾਬਾ ਮੰਮਾ ਤੋਂ ਵੀ ਉੱਚ ਚਲੇ ਜਾਣਾ ਚਾਹੀਦਾ ਹੈ। ਪ੍ਰੰਤੂ ਜਿਵੇਂ ਬਾਬਾ ਕਹਿੰਦੇ ਹਨ, ਉਹ ਦੋਵੇ ਕ੍ਰਿਸ਼ਚਨ ਜੇਕਰ ਆਪਸ ਵਿਚ ਮਿਲ ਜਾਣ ਤਾਂ ਵਿਸ਼ਵ ਦੇ ਮਾਲਿਕ ਬਣ ਜਾਣ। ਅਜਿਹਾ ਜੋੜਾ ਕੋਈ ਨਿਕਲੇ ਜੋ ਮਾਂ ਬਾਪ ਤੋਂ ਉੱਚਾ ਜਾਵੇ ਸੋ ਹੈ ਨਹੀਂ। ਜਗਤ ਅੰਬਾ, ਜਗਤ ਪਿਤਾ ਹੀ ਨਾਮੀ ਗ੍ਰਾਮੀ ਹਨ। ਇਨ੍ਹਾਂ ਵਰਗੀ ਸਰਵਿਸ ਕਰ ਨਹੀਂ ਸਕਣਗੇ। ਇਹ ਨਿਮਿਤ ਬਣੇ ਹੋਏ ਹਨ। ਇਸਲਈ ਕਦੇ ਹਾਰਟ ਫੇਲ ਨਹੀਂ ਹੋਣਾ। ਅੱਛਾ ਮੰਮਾ ਬਾਬਾ ਵਰਗਾ ਨਹੀਂ ਤਾ ਸੈਕੰਡ ਨੰਬਰ ਤਾਂ ਬਣ ਸਕਦੇ ਹੋ। ਸਰਵਿਸ ਤੇ ਮਦਾਰ ਹੈ। ਪਰਜਾ ਅਤੇ ਵਾਰਿਸ ਬਣਾਉਣੇ ਹਨ ਤਾਂ ਇਹ ਆਪਣੀਆਂ ਗੱਲਾਂ ਹਨ ਨਵੀਆਂ। ਨਵੀਂ ਦੁਨੀਆ ਰਚਣ ਦੇ ਲਈ ਜਰੂਰ ਬਾਪ ਨੂੰ ਆਉਣਾ ਪੈਂਦਾ ਹੈ। ਉਹ ਹੀ ਰਚਿਯਤਾ ਹੈ। ਉਹ ਤੇ ਕਹਿ ਦਿੰਦੇ ਹਨ, ਪਰਮਾਤਮਾ ਨਾਮ ਰੂਪ ਤੋਂ ਨਿਆਰਾ ਹੈ। ਪਰ ਇਵੇਂ ਹੈ ਨਹੀਂ। ਉਨ੍ਹਾਂ ਦਾ ਕੋਈ ਕਸੂਰ ਨਹੀਂ, ਤਕਦੀਰ ਵਿਚ ਹੋਏ ਤਾਂ ਹੀ ਸਮਝਣ। ਬਹੁਤ ਆਉਂਦੇ ਹਨ ਜੋ ਸਮਝਦੇ ਵੀ ਹਨ ਕਿ ਗੱਲ ਤਾ ਬਿਲਕੁਲ ਠੀਕ ਹੈ। ਕੋਈ ਕਹਿੰਦਾ ਹੈ ਆਤਮਾ ਦਾ ਨਾਮ ਰੂਪ ਨਹੀਂ ਹੈ ਤਾਂ ਆਤਮਾ ਨਾਮ ਕਿਸ ਦਾ ਪਿਆ? ਆਤਮਾ ਨਾਮ ਤੇ ਹੈ ਨਾ। ਤੁਸੀਂ ਸਭ ਨੂੰ ਕਹੋ ਕਿ ਇਹ ਰਾਜਯੋਗ ਹੈ। ਪਰਮਪਿਤਾ ਪਰਮਾਤਮਾ ਸੰਗਮ ਤੇ ਆਉਂਦੇ ਹਨ। ਰਾਜਯੋਗ ਜਰੂਰ ਸੰਗਮ ਤੇ ਸਿਖਾਉਣਗੇ ਤਾਂ ਹੀ ਤੇ ਪਤਿਤ ਤੋਂ ਪਾਵਨ ਬਣਾਉਣਗੇ।

ਤਾਂ ਇਥੇ ਦੀ ਗੱਲ ਹੀ ਨਿਆਰੀ ਹੈ। ਬਾਪ ਕਹਿੰਦੇ ਹਨ ਸਿਰਫ ਆਪਣੇ ਆਪ ਨੂੰ ਆਤਮਾ ਸਮਝੋ। ਬਾਪ ਦੇ ਕੋਲ ਜਾਣਾ ਹੈ। ਇਸ ਵਿਚ ਪ੍ਰਸ਼ਨ ਪੁੱਛਣ ਦੀ ਤਾਂ ਕੋਈ ਗੱਲ ਹੀ ਨਹੀਂ ਹੈ। ਕਹਿੰਦੇ ਹਨ ਸਾਡੀ ਆਤਮਾ ਨੂੰ ਨਾ ਦੁਖਾਓ। ਇਹ ਪਾਪ ਆਤਮਾ ਹੈ, ਇਹ ਪੁੰਨ ਆਤਮਾ ਹੈ। ਆਤਮਾ ਦੇ ਲਈ ਕੋਈ ਕਹਿ ਨਹੀਂ ਸਕਦਾ ਕਿ ਉਸ ਦਾ ਕੋਈ ਰੂਪ ਨਹੀਂ ਹੁੰਦਾ ਹੈ। ਵਿਵੇਕਾਨੰਦ ਜਦੋ ਰਾਮਕ੍ਰਿਸ਼ਨ ਕੋਲ ਬੈਠਾ ਤਾਂ ਉਸਨੂੰ ਸਾਕਸ਼ਾਤਕਾਰ ਹੋਇਆ। ਦੇਖਿਆ ਕਿ ਲਾਈਟ ਆਈ ਜੋ ਮੇਰੇ ਵਿਚ ਪ੍ਰਵੇਸ਼ ਹੋਈ। ਅਜਿਹੀ ਕੁਝ ਗੱਲ ਦਸਦੇ ਹਨ, ਤੁਸੀਂ ਬੋਲੋ ਸਾਡਾ ਹੈ, ਰਾਜਯੋਗ, ਇਸ ਵਿਚ ਦੇਹ ਸਮੇਤ, ਦੇਹ ਦੇ ਸਾਰੇ ਮਿੱਤਰਾ ਸਮਬੰਧੀਆ ਆਦਿ ਨੂੰ ਭੁਲਣਾ ਪੈਂਦਾ ਹੈ, ਅਸੀਂ ਆਤਮਾ ਉਸ ਦੇ ਬੱਚੇ ਹਾਂ। ਆਪਸ ਵਿਚ ਭਾਈ- ਭਾਈ ਹਾਂ। ਜੇਕਰ ਸਾਰੇ ਬਾਪ ਹੋ ਜਾਂਦੇ ਤਾਂ ਬਾਪ ਹੀ ਬਾਪ ਕੋਲ ਪ੍ਰਾਥਨਾ ਕਰਦੇ। ਹੁਣ ਅਸੀਂ ਰਾਜਯੋਗ ਸਿੱਖ ਰਹੇ ਹਾਂ, ਇਹ ਹੈ ਰਾਜਾਵਾਂ ਦਾ ਰਾਜਾ ਬਣਾਉਣ ਦਾ ਯੋਗ। ਹੁਣ ਹਾਲੇ ਰਜਾਈ ਹੈ ਨਹੀਂ। ਤਾਂ ਸਮਝਾਉਣਾ ਹੈ ਅਸੀਂ ਸ਼ਾਂਤੀ ਵਿਚ ਰਹਿ ਕੇ ਸਿਰਫ ਸ਼ਿਵ ਬਾਬਾ ਨੂੰ ਯਾਦ ਕਰਦੇ ਹਾਂ। ਆਪਣੇ ਨੂੰ ਸ਼ਰੀਰ ਤੋਂ ਨਿਆਰਾ ਸਮਝਦੇ ਹਾਂ। ਆਤਮਾ ਕਹਿੰਦੀ ਹੈ ਮੈਂ ਇਕ ਸ਼ਰੀਰ ਛੱਡ ਦੂਜਾ ਲੈਂਦੀ ਹੈ। ਤਾਂ ਨਾਲੇਜ ਦਾ ਸੰਸਕਾਰ ਆਤਮਾ ਵਿਚ ਰਹਿੰਦਾ ਹੈ ਨਾ। ਅੱਛਾ ਜਾਂ ਬੁਰਾ ਸੰਸਕਾਰ ਆਤਮਾ ਵਿਚ ਹੈ। ਆਤਮਾ ਨਿਰਲੇਪ ਨਹੀਂ ਹੈ, ਇਹ ਸਮਝਾਉਣਾ ਹੈ ਨਾ। ਆਤਮਾ ਪੁਨਰ ਜਨਮ ਵਿਚ ਆਉਂਦੀ ਹੈ। ਘੜੀ-ਘੜੀ ਸ਼ਰੀਰ ਲੈਣਾ ਪੈਂਦਾ ਹੈ। ਆਤਮਾ ਸਟਾਰ ਹੈ ਭ੍ਰਿਕੁਟੀ ਵਿਚ ਰਹਿੰਦੀ ਹੈ। ਆਤਮਾ ਦਾ ਸਾਕਸ਼ਾਤਕਾਰ ਹੋਇਆ ਤਾਂ ਉਸਨੇ ਸਮਝਿਆ ਇਨ੍ਹਾਂ ਵਿਚ ਇਤਨੀ ਤਾਕਤ ਹੈ ਜੋ ਮੈਨੂੰ ਆਤਮਾ ਦਾ ਸਾਕਸ਼ਾਤਕਾਰ ਕਰਵਾਇਆ। ਹੁਣ ਆਤਮਾ ਤੇ ਭ੍ਰਿਕੁਟੀ ਵਿਚ ਰਹਿੰਦੀ ਹੈ। ਸਾਕਸ਼ਾਤਕਾਰ ਕੀਤਾ ਨਾ ਕੀਤਾ ਤਾਂ ਫਰਕ ਕੀ ਹੈ? ਆਤਮਾ ਖੁਦ ਕਹਿੰਦੀ ਹੈ ਮੈਂ ਸਟਾਰ ਹਾਂ, ਮੇਰੇ ਵਿਚ 84 ਜਨਮਾਂ ਦਾ ਪਾਰਟ ਹੈ। ਜੇਕਰ 84 ਲੱਖ ਜਨਮ ਹੋਣ ਤਾਂ ਇੰਨੇ ਸੰਸਕਾਰ ਹੋ ਜਾਨ ਜੋ ਪਤਾ ਨਹੀਂ ਕੀ ਹੋ ਜਾਵੇ। 84 ਜਨਮ ਮਨ ਸਕਦੇ ਹਾਂ। 84 ਲੱਖ ਤੇ ਮਨ ਨਹੀਂ ਸਕਦੇ। ਹੁਣ ਅਸੀਂ ਪਾਵਨ ਬਣ ਰਹੇ ਹਾਂ। ਬਾਬਾ ਨੇ ਸਾਨੂੰ ਨਰ ਤੋਂ ਨਰਾਇਣ ਬਣਨ ਦੇ ਲਈ ਪਵਿੱਤਰ ਬਣਾਇਆ ਹੈ। ਇਹ ਬਹੁਤ ਚੰਗਾ ਨਸ਼ਾ ਚਾਹੀਦਾ ਹੈ। ਤੁਹਾਨੂੰ ਕਿਸੇ ਨਾਲ ਵੀ ਡੀਬੇਟ ਕਰਨ ਦੀ ਲੋੜ ਨਹੀਂ।

ਦੇਹ ਸਹਿਤ, ਦੇਹ ਦੇ ਸਾਰੇ ਧਰਮ ਤਿਆਗ, ਆਪਣੇ ਨੂੰ ਆਤਮਾ ਅਸ਼ਰੀਰੀ ਸਮਝਣਾ ਹੈ। ਚਾਹੇ ਅਸੀਂ ਸ਼ਾਸਤਰ ਆਦਿ ਪੜੇ ਹਨ ਪਰ ਡਿਸਕਸ ਕਿਓਂ ਕਰੀਏ? ਜਦੋ ਕਿ ਬਾਪ ਨੇ ਕਿਹਾ ਮਾਮੇਕਮ ਯਾਦ ਕਰੋ ਅਤੇ ਦੂਜਾ ਫਰਮਾਨ ਹੈ ਗ੍ਰਹਿਸਤ ਵਿਵਹਾਰ ਵਿਚ ਕਮਲ ਫੁੱਲ ਤਰ੍ਹਾਂ ਪਵਿੱਤਰ ਰਹੋ। ਯੋਗ ਅਗਨੀ ਨਾਲ ਹੀ ਪਾਪ ਨਾਸ਼ ਹੋਣਗੇ। ਭਗਵਾਨੁਵਾਚ ਹੈ, ਭਗਵਾਨ ਹੀ ਪਰਮ ਆਤਮਾ ਹੈ। ਉਨ੍ਹਾਂ ਨੂੰ ਸਟਾਰ ਕਹਾਂਗੇ। ਬਹੁਤ ਪੋਇੰਟਸ ਹਨ ਇਕ ਸਮੇਂ ਨਹੀਂ ਨਿਕਲ ਸਕਦੇ ਹਨ। ਆਸਾਮੀ ਵੇਖ ਯੁਕਤੀ ਨਾਲ ਦੱਸਣਾ ਹੈ। ਬੋਲੋ ਅਸੀਂ ਵੀ ਸ਼ਾਸਤਰ ਪੜਦੇ ਹਾਂ ਪਰ ਬਾਪ ਦਾ ਫਰਮਾਨ ਹੈ ਸਾਰਿਆਂ ਨੂੰ ਭੁੱਲ ਕੇ ਮਾਮੇਕਮ ਯਾਦ ਕਰੋ। ਉਹ ਹੈ ਨਿਰਾਕਾਰ। ਆਤਮਾ ਨੂੰ ਤੇ ਸਭ ਮੰਨਣਗੇ। ਵਿਵੇਕਾਨੰਦ ਵਾਲੇ ਵੀ ਮੰਨਣਗੇ। ਆਤਮਾ ਤੇ ਸਭ ਵਿਚ ਹੈ। ਜਰੂਰ ਉਨ੍ਹਾਂ ਦਾ ਬਾਪ ਹੋਵੇਗਾ ਨਾ, ਜਿਸਨੂੰ ਪਰਮ ਪਿਤਾ ਪਰਮਾਤਮਾ

ਕਿਹਾ ਜਾਂਦਾ ਹੈ। ਇਹ ਸਭ ਪੋਇੰਟਸ ਮਿਲਦੇ ਹਨ ਨਾ। ਇਹ ਸਿਮਰਨ ਕਰਨ ਨਾਲ ਸਦੈਵ ਪੁਆਇੰਟ ਮਿਲਦੇ ਰਹਿਣਗੇ। ਸਟੀਮਰ ਭਰਦਾ ਰਹੇਗਾ। ਇਹ ਵੀ ਜਿਵੇਂ ਅਵਿਨਾਸ਼ੀ ਗਿਆਨ ਰਤਨਾਂ ਦੀ ਸਮੱਗਰੀ ਭਰਦਾ ਹੈ। ਪੁਆਇੰਟ ਨੋਟ ਕਰੋ ਅਤੇ ਰਿਵਾਇਜ ਕਰੋ। ਇਹ ਹਨ ਰਤਨ ਇਹਨਾਂ ਨੂੰ ਧਾਰਨ ਕਰਨ ਅਤੇ ਲਿਖਣਲ ਦਾ ਸ਼ੋਕ ਚਾਹੀਦਾ ਹੈ। ਚੰਗੀ ਤਰ੍ਹਾਂ ਸਭ ਨੂੰ ਸਮਝਾਉਣਾ ਹੈ, ਆਤਮਾ ਤੇ ਸਭ ਵਿਚ ਹੈ, ਉਸ ਦਾ ਨਾਮ, ਰੂਪ ਨਹੀਂ ਹੈ। ਇੰਝ ਤੇ ਕਹਿ ਨਹੀਂ ਸਕਦੇ, ਆਤਮਾ ਦਾ ਰੂਪ ਹੈ ਤਾਂ ਪਰਮਾਤਮਾ ਦਾ ਕਿਓਂ ਨਹੀਂ ਹੈ। ਇਸਨੂੰ ਕਿਹਾ ਜਾਂਦਾ ਹੈ ਪਰਮਪਿਤਾ ਪਰਮਾਤਮਾ, ਪਰਮਧਾਮ ਵਿਚ ਰਹਿਣ ਵਾਲਾ। ਕਿੰਨਾਂ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ। ਤਾਂ ਹੁਣ ਸਰਵਿਸ ਕਰਕੇ ਦਿਖਾਓ। ਬਾਬਾ ਤਾਂ ਸਰਵਿਸ ਕਰਨ ਨਾਲ ਇਨਾਮ ਦਿੰਦੇ ਹਨ। ਕਿੰਨਾ ਸ਼ਿੰਗਾਰ ਕਰਵਾਉਂਦੇ ਹਨ, ਗਿਆਨ ਰਤਨਾ ਦਾ। ਅਸੀਂ ਇਥੋਂ ਦੇ ਪਦਮ ਪਤੀ ਨਹੀਂ ਬਣਨਾ ਚਾਹੁੰਦੇ। ਸਾਨੂੰ ਤਾਂ ਚਾਹੀਦੀ ਹੈ ਵਿਸ਼ਵ ਦੀ ਬਾਦਸ਼ਾਹੀ। ਅੱਛਾ।

ਮਿੱਠੇ- ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਗਿਆਨ ਰਤਨ ਜੋ ਮਿਲਦੇ ਹਨ, ਉਨ੍ਹਾਂ ਤੇ ਵਿਚਾਰ ਸਾਗਰ ਮੰਥਨ ਕਰ ਆਪਣੇ ਵਿਚ ਧਾਰਨ ਕਰਨਾ ਹੈ। ਗਿਆਨ ਰਤਨਾਂ ਨਾਲ ਸਦਾ ਭਰਪੂਰ ਰਹਿਣਾ ਹੈ।

2 ਆਪਣੇ ਨਰਾਇਣੀ ਨਸ਼ੇ ਵਿਚ ਰਹਿਣਾ ਹੈ। ਬੇਕਾਰ ਗੱਲਾਂ ਕਿਸੇ ਨਾਲ ਵੀ ਨਹੀਂ ਕਰਨੀਆਂ ਹਨ। ਅਸ਼ਰੀਰੀ ਬਣਨ ਦਾ ਅਭਿਆਸ ਕਰਨਾ ਹੈ।

ਵਰਦਾਨ:- ਦੁਆ ਅਤੇ ਦਵਾ ਦਵਾਰਾ ਤਨ - ਮਨ - ਧਨ ਦੀ ਬਿਮਾਰੀ ਤੋਂ ਮੁਕਤ ਰਹਿਣ ਵਾਲੇ ਸਦਾ ਸੰਤੁਸ਼ਟ ਆਤਮਾ ਭਵ

ਕਦੇ ਸ਼ਰੀਰ ਬਿਮਾਰ ਵੀ ਹੋਵੇ ਤਾਂ ਸ਼ਰੀਰ ਦੀ ਬਿਮਾਰੀ ਤੋਂ ਮਨ ਡਿਸਟਰਬ ਨਾ ਹੋਵੇ। ਸਦਾ ਖ਼ੁਸ਼ੀ ਵਿੱਚ ਨੱਚਦੇ ਰਹੋ ਤਾਂ ਸ਼ਰੀਰ ਵੀ ਠੀਕ ਹੋ ਜਾਵੇਗਾ। ਮਨ ਦੀ ਖੁਸ਼ੀ ਨਾਲ ਸ਼ਰੀਰ ਨੂੰ ਚਲਾਓ ਤਾਂ ਦੋਵੇਂ ਐਕਸਰਸਾਈਜ਼ ਹੋ ਜਾਣਗੀਆਂ। ਖੁਸ਼ੀ ਹੈ ਦੁਆ ਅਤੇ ਐਕਸਰਸਾਈਜ਼ ਹੈ ਦਵਾਈ। ਤਾਂ ਦੁਆ ਅਤੇ ਦਵਾ ਦੋਵਾਂ ਨਾਲ ਤਨ - ਮਨ ਦੀ ਬਿਮਾਰੀ ਤੋਂ ਮੁਕਤ ਹੋ ਜਾਵੋਗੇ। ਖੁਸ਼ੀ ਨਾਲ ਦਰਦ ਵੀ ਭੁੱਲ ਜਾਵੇਗਾ। ਸਦਾ ਤਨ - ਮਨ ਤੋਂ ਸੰਤੁਸ਼ਟ ਰਹਿਣਾ ਹੈ ਤਾਂ ਜਿਆਦਾ ਸੋਚੋ ਨਹੀਂ। ਜਿਆਦਾ ਸੋਚਣ ਨਾਲ ਟਾਇਮ ਵੇਸਟ ਹੁੰਦਾ ਹੈ ਅਤੇ ਖੁਸ਼ੀ ਗਾਇਬ ਹੋ ਜਾਂਦੀ ਹੈ।

ਸਲੋਗਨ:- ਵਿਸਤਾਰ ਵਿੱਚ ਵੀ ਸਾਰ ਨੂੰ ਵੇਖਣ ਦਾ ਅਭਿਆਸ ਕਰੋ ਤਾਂ ਸਥਿਤੀ ਸਦਾ ਇੱਕਰਸ ਰਹੇਗੀ।

******

ਮਤੇਸ਼ਵਰੀ ਜੀ ਦੇ ਮਧੁਰ ਮਹਾਵਾਕ

"ਮਤਮਤਮਾ ਦੀ ਸਦਗਤੀ ਕਰਨ ਦੀ ਗਤ ਮਤ ਪਰਮਾਤਮਾ ਹੀ ਜਾਣਦਾ ਹੈ"

ਤੁਹਾਡੀ ਗਤ ਮਤ ਤੁਸੀਂ ਹੀ ਜਾਣੋ... ਹੁਣ ਇਹ ਮਹਿਮਾ ਕਿਸ ਦੀ ਯਾਦਗਰ ਵਿੱਚ ਗਾਉਂਦੇ ਹਨ? ਕਿਉਂਕਿ ਪਰਮਾਤਮਾ ਦੀ ਸਦਗਤੀ ਕਰਨ ਦੀ ਜੋ ਮਤ ਹੈ ਉਹ ਤਾਂ ਪਰਮਾਤਮਾ ਹੀ ਜਾਣਦਾ ਹੈ। ਮਨੁੱਖ ਨਹੀਂ ਜਾਣ ਸਕਦਾ, ਮਨੁੱਖ ਦੀ ਸਿਰਫ ਇਹ ਇੱਛਾ ਰਹਿੰਦੀ ਹੈ ਕਿ ਸਾਨੂੰ ਸਦਾ ਦੇ ਲਈ ਸੁਖ ਚਾਹੀਦਾ ਹੈ, ਪਰ ਉਹ ਸੁਖ ਕਿਵੇਂ ਮਿਲੇ? ਜਦੋਂ ਤੱਕ ਮਨੁੱਖ ਆਪਣੇ ਪੰਜ ਵਿਕਾਰਾਂ ਨੂੰ ਭਸਮ ਕਰ ਕਰਮ ਅਕਰਮ ਨਹੀਂ ਬਣਾਏ ਉਦੋਂ ਤੱਕ ਇਹ ਸੁਖ ਮਿਲ ਨਹੀਂ ਸਕਦਾ, ਕਿਉਂਕਿ ਕਰਮ ਅਕਰਮ ਦੀ ਗਤੀ ਬਹੁਤ ਗਹਿਨ ਹੈ ਜਿਸ ਨੂੰ ਸਿਵਾਏ ਪਰਮਾਤਮਾ ਦੇ ਹੋਰ ਕੋਈ ਮਨੁੱਖ ਆਤਮਾ ਉਸ ਦੀ ਗਤੀ ਨੂੰ ਨਹੀਂ ਜਾਣ ਸਕਦੀ। ਹੁਣ ਜਦੋਂ ਤੱਕ ਪਰਮਾਤਮਾ ਨੇ ਉਹ ਗਤੀ ਨਹੀਂ ਸੁਣਾਈ ਹੈ ਉਦੋਂ ਤੱਕ ਮਨੁੱਖਾਂ ਨੂੰ ਜੀਵਨਮੁਕਤੀ ਪ੍ਰਾਪਤ ਨਹੀਂ ਹੋ ਸਕਦੀ, ਇਸਲਈ ਮਨੁੱਖ ਕਹਿੰਦੇ ਹਨ ਤੇਰੀ ਗਤ ਮਤ ਤੁਸੀਂ ਹੀ ਜਾਣੋ। ਇਨ੍ਹਾਂ ਦੀ ਸਦਗਤੀ ਕਰਨ ਦੀ ਮਤ ਉਸ ਪਰਮਾਤਮਾ ਦੇ ਕੋਲ ਹੈ। ਕਿਵੇਂ ਕਰਮਾਂ ਨੂੰ ਅਕਰਮ ਬਨਾਉਣਾ ਹੈ, ਇਹ ਸਿੱਖਿਆ ਦੇਣਾ ਪਰਮਾਤਮਾ ਦਾ ਕੰਮ ਹੈ। ਬਾਕੀ ਮਨੁੱਖਾਂ ਨੂੰ ਤੇ ਇਹ ਗਿਆਨ ਨਹੀਂ, ਜਿਸ ਕਾਰਣ ਉਹ ਉਲਟਾ ਕੰਮ ਕਰਦੇ ਰਹਿੰਦੇ ਹਨ, ਹੁਣ ਮਨੁੱਖਾਂ ਦਾ ਪਹਿਲਾ ਫਰਜ਼ ਹੈ ਆਪਣੇ ਕਰਮਾਂ ਨੂੰ ਸੁਧਾਰਨਾ, ਤਾਂ ਹੀ ਮਨੁੱਖ ਜੀਵਨ ਦਾ ਪੂਰਾ ਲਾਭ ਉਠਾ ਸਕਣਗੇ। ਅੱਛਾ। ਓਮ ਸ਼ਾਂਤੀ।